# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 29 ਜੂਨ 2024 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬੂਟੇ ਲਗਾਉਣ ਵਾਲ਼ੀਆਂ ਵਾਤਾਵਰਣ ਪ੍ਰੇਮੀ ਸੰਸਥਾਵਾਂ ਨੂੰ ਹੁਣ ਨਹੀਂ ਮਿਲਣਗੇ ਮੁਫ਼ਤ ਬੂਟੇ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ



ਰੋਪੜ, 29 ਜੂਨ : ਮੌਨਸੂਨ ਪੋਣਾਂ ਦੀ ਆਮਦ ਹੋਣ ਸਾਰ ਹੀ ਬਹੁਤ ਸਾਰੀਆਂ ਵਾਤਾਵਰਣ ਪ੍ਰੇਮੀ ਸੰਸਥਾਵਾਂ ਬੂਟੇ ਲਗਾਉਣ ਦੀਆਂ ਮੁਹਿੰਮਾਂ ਸ਼ੁਰੂ ਕਰ ਦਿੰਦੀਆਂ ਹਨ। ਜਿਨ੍ਹਾਂ ਦੇ ਮੈਂਬਰ ਵਧ ਚੜ੍ਹ ਕੇ ਤਨ, ਮਨ, ਧਨ ਤੋਂ ਆਪਣਾ ਯੋਗਦਾਨ ਪਾਉਂਦੇ ਹਨ। ਧਨ ਵਾਲ਼ੇ ਯੋਗਦਾਨ ਨੂੰ ਥੋੜ੍ਹਾ ਜਿਹਾ ਸਹਾਰਾ ਉਦੋਂ ਮਿਲ ਜਾਂਦਾ ਸੀ। ਜਦੋਂ ਲਗਾਉਣ ਲਈ ਬੂਟੇ ਜੰਗਲਾਤ ਵਿਭਾਗ ਦੀਆਂ ਨਰਸਰੀਆਂ ਵਿੱਚੋਂ ਮੁਫ਼ਤ ਮਿਲ ਜਾਂਦੇ ਹਨ ਪਰ ਪੰਜਾਬ ਵਿੱਚ ਹੁਣ ਅਜਿਹਾ ਕੁੱਝ ਵੀ ਨਹੀਂ ਹੋਵੇਗਾ ਕਿਉਂਕਿ ਵਿਭਾਗ ਵੱਲੋਂ ਹੁਣ ਪ੍ਰਤੀ ਬੂਟਾ 20 ਰੁਪਏ ਕੀਮਤ ਤੈਅ ਕਰ ਦਿੱਤੀ ਗਈ ਹੈ। ਇਸ ਸਬੰਧੀ ਦਸ਼ਮੇਸ਼ ਯੂਥ ਕਲੱਬ ਗਰੀਨ ਐਵੇਨਿਊ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਭਾਓਵਾਲ ਨੇ ਦੱਸਿਆ ਕਿ ਪਿੱਛਲੇ ਸਮਿਆਂ ਦੌਰਾਨ ਸੰਸਥਾਵਾਂ ਦੀਆਂ ਚਿੱਠੀਆਂ ਦੇ ਆਧਾਰ 'ਤੇ ਹੀ ਬੂਟੇ ਮੁਫ਼ਤ ਮਿਲ ਜਾਂਦੇ ਸਨ ਪਰ ਇਸ ਸਾਲ ਵਿਭਾਗ ਅਧਿਕਾਰੀਆਂ ਨਾਲ਼ ਗੱਲ' ਤੇ ਉਹਨਾਂ ਦੱਸਿਆ ਕਿ ਬੂਟੇ ਲੈਣ ਲਈ ਹੁਣ ਕੀਮਤ ਅਦਾ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਨਵੇਂ ਬੂਟੇ ਲਗਾਉਣ ਅਤੇ ਰੁੱਖਾਂ ਦੀ ਸੰਭਾਲ਼ ਲਈ ਸਰਕਾਰ ਵਲੋਂ ਵਿਭਾਗ ਬਣਾਇਆ ਗਿਆ ਹੈ ਪਰ ਫਿਰ ਵੀ ਕਈ ਸੰਸਥਾਵਾਂ ਇਸ ਤੋਂ ਵੱਧ ਬੂਟੇ ਲਗਾ ਅਤੇ ਪਾਲ਼ ਦਿੰਦੀਆ ਹਨ।

ਇਸੇ ਤਰ੍ਹਾਂ ਵਾਤਾਵਰਨ ਸੰਭਾਲ਼ ਕਮੇਟੀ ਘਨੌਲੀ ਦੇ ਪ੍ਰਧਾਨ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ 7 ਸਾਲ ਪਹਿਲਾ ਪਿੰਡ ਵਿੱਚ ਬੂਟੇ ਲਗਾਉਣ ਲਈ ਮੁਹਿੰਮ ਆਰੰਭ ਕੀਤੀ ਸੀ ਉਦੋਂ ਵਣ ਵਿਭਾਗ ਦੇ ਅਧਿਕਾਰੀਆਂ ਵੱਲੋਂ ਖੁਦ ਬੂਟੇ ਘਨੌਲੀ ਵਿੱਚ ਪੁਜਾਏ ਗਏ ਸਨ ਅਤੇ ਲਾਉਣ ਦਾ ਤਰੀਕਾ ਵੀ ਦੱਸਿਆ ਗਿਆ ਸੀ, ਓਹਨਾ ਕਿਹਾ ਕਿ ਪੰਜਾਬ ਵਿੱਚ ਪਿਛਲੇ ਕੁਝ ਮਹੀਨਿਆਂ ਵਿੱਚ ਹਜਾਰਾਂ ਨਿੰਮਾ ਸੁੱਕ ਗਈਆਂ ਜਿਹਨਾਂ ਦੀ ਕਮੀਂ ਕਈ ਸਾਲ ਪੂਰੀ ਨਹੀਂ ਕੀਤੀ ਜਾ ਸਕਦੀ। ਉੱਪਰੋਂ ਵਿਭਾਗ ਵੱਲੋਂ ਇਸ ਤਰ੍ਹਾਂ ਦੇ ਨਿਯਮ ਲਾਗੂ ਕਰਨਾ ਰੁੱਖ ਲਗਾਉਣ ਦੀ ਮੁਹਿੰਮ ਨੂੰ ਢਾਅ ਲਗਾਏਗਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਮਾਮਲੇ ਨੂੰ ਗੰਭੀਰਤਾ ਨਾਲ਼ ਵਿਚਾਰ ਕੇ ਘੱਟੋ-ਘੱਟ ਸੰਸਥਾਵਾਂ ਨੂੰ ਤਾਂ ਮੁਫ਼ਤ ਬੂਟੇ ਦੇਣੇ ਜਾਰੀ ਰੱਖੇ ਅਤੇ ਨਿੱਜੀ ਤੌਰ 'ਤੇ ਬੂਟੇ ਲੈਣ ਵਾਲ਼ੇ ਨਾਗਰਿਕਾਂ ਲਈ ਵੀ ਸਸਤੇ ਤੋਂ ਸਸਤਾ ਭਾਅ ਤੈਅ ਕਰੇ।

## ਪ.ਸ.ਸ.ਫ. ਦੀ ਵਰਚੁਅਲ ਮੀਟਿੰਗ ਵਿੱਚ 6 ਜੁਲਾਈ ਦੇ ਜਲੰਧਰ ਵਿਖੇ ਝੰਡਾ ਮਾਰਚ ਸਬੰਧੀ ਉਲੀਕਿਆ ਪ੍ਰੋਗਰਾਮ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਪ.ਸ.ਸ.ਫ. ਦੀ ਹੋਈ ਵਰਚੁਅਲ ਸੂਬਾਈ ਮੀਟਿੰਗ ਵਿੱਚ ਭਾਗ ਲੈਂਦੇ ਜੱਥੇਬੰਦੀ ਦੇ ਸੂਬਾਈ ਆਗੂ

ਬਠਿੰਡਾ, 29 ਜੂਨ : ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ(ਪ.ਸ.ਸ.ਫ.) 1406-22 ਬੀ ਚੰਡੀਗੜ੍ਹ ਦੀ ਇੱਕ ਵਰਚੁਅਲ ਮੀਟਿੰਗ ਸੂਬਾ ਪ੍ਰਧਾਨ ਸਤੀਸ਼ ਰਾਣਾ ਦੀ ਪ੍ਰਧਾਨਗੀ ਹੇਠ ਗੂਗਲ ਮੀਟ ਤੇ ਆਨ-ਲਾਈਨ ਹੋਈ। ਜੱਥੇਬੰਦੀ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਦੱਸਿਆ ਕਿ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪਿਛਲੇ ਕੀਤੇ ਸੰਘਰਸ਼ਾ ਦਾ ਰਿਵਿਊ ਕੀਤਾ ਗਿਆ, ਜਿਸ ਵਿੱਚ ਸਾਂਝੇ ਫਰੰਟ ਵੱਲੋਂ ਉਲੀਕੇ ਗਏ ਸੰਘਰਸ਼ ਦੇ ਤਹਿਤ ਵੱਖ ਵੱਖ ਸਥਾਨਾਂ ਤੇ ਰੋਸ ਪ੍ਰਦੂਸ਼ਨ ਕੀਤੇ ਗਏ ਅਤੇ ਇਹਨਾਂ ਪ੍ਰਦਰਸ਼ਨਾਂ ਵਿੱਚ ਪ.ਸ.ਸ.ਫ. ਵੱਲੋਂ ਕੀਤੀ ਸ਼ਮੂਲੀਅਤ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਉਪਰੰਤ ਵੱਖ-ਵੱਖ ਵਿਭਾਗੀ ਜੱਥੇਬੰਦੀਆਂ ਵੱਲੋਂ ਚੱਲ ਰਹੇ ਸੰਘਰਸ਼ਾ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ। ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਸਮੀਖਿਆ ਵੀ ਕੀਤੀ ਗਈ। ਜੱਥੇਬੰਦਕ ਅਵਸਥਾ ਨੂੰ ਮਜਬੂਤ ਬਣਾਉਣ ਸਬੰਧੀ ਵੀ ਪ੍ਰੋਗਰਾਮ ਉਲੀਕਿਆ ਗਿਆ। ਵਿਧਾਨ ਸਭਾ ਹਲਕਾ ਜਲੰਧਰ ਪੱਛਮੀਂ ਦੀ ਹੋ ਰਹੀ ਜਿਮਨੀ ਚੋਣ ਸਬੰਧੀ ਸਾਂਝੇ ਫਰੰਟ ਵੱਲੋਂ ਮਿਤੀ 6 ਜੁਲਾਈ ਨੂੰ ਹਲਕੇ ਅੰਦਰ ਕੀਤੇ ਜਾ ਰਹੇ ਝੰਡਾ ਮਾਰਚ ਵਿੱਚ ਸ਼ਮੂਲੀਅਤ ਦਾ ਪ੍ਰੋਗਰਾਮ ਵੀ ਬਣਾਇਆ ਗਿਆ। ਝੰਡਾ ਮਾਰਚ ਵਿੱਚ ਮੋਟਰਸਾਈਕਲ ਅਤੇ ਗੱਡੀਆਂ ਸਹਿਤ ਮੁਲਾਜ਼ਮਾਂ ਦੀ ਸ਼ਮੂਲੀਅਤ ਸਬੰਧੀ ਵੀ ਜ਼ਿਲ੍ਹਾ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਸੂਬਾ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਵਲੋਂ ਕਲੰਡਰਾਂ ਅਤੇ ਹੋਰ ਰਹਿੰਦੇ ਫੰਡ ਜਲਦ ਤੋਂ ਜਲਦ ਜਮਾਂ ਕਰਵਾਉਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਇੰਦਰਜੀਤ ਵਿਰਦੀ, ਨਿਰਮੋਲਕ ਸਿੰਘ, ਕਿਸ਼ੋਰ ਚੰਦ ਗਾਜ, ਗੁਰਬਿੰਦਰ ਸਿੰਘ ਸਸਕੌਰ, ਗੁਰਪ੍ਰੀਤ ਰੰਗੀਲਪੁਰ, ਬੋਬਿੰਦਰ ਸਿੰਘ, ਸਵਿੰਦਰ ਭੱਟੀ, ਰਾਣੋ ਖੇੜੀ ਗਿੱਲਾਂ, ਦਰਸ਼ਣ ਚੀਮਾ, ਕੁਲਦੀਪ ਵਾਲੀਆ, ਸੁਭਾਸ਼ ਚੰਦਰ, ਮੋਹਣ ਸਿੰਘ ਪੂਨੀਆ, ਤਰਸੇਮ ਮਾਧੋਪੁਰੀ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਮਲਕੀਤ ਸਿੰਘ, ਲਖਵਿੰਦਰ ਸਿੰਘ ਖਾਨਪੁਰ, ਪ੍ਰੇਮ ਸਿੰਘ, ਵੀਰਇੰਦਰਜੀਤ ਪੁਰੀ, ਬਲਜਿੰਦਰ ਸਿੰਘ, ਦਵਿੰਦਰ ਸਿੰਘ ਬਿੱਟੂ, ਜਸਵਿੰਦਰ ਪਾਲ ਕਾਂਗੜ, ਸਰਬਜੀਤ ਸਿੰਘ ਪੱਟੀ, ਗੁਰਬਿੰਦਰ ਖਮਾਣੋ, ਬਲਵਿੰਦਰ ਭੁੱਟੋ, ਮਨੋਹਰ ਲਾਲ ਸ਼ਰਮਾ, ਪ੍ਰੇਮ ਕੁਮਾਰ, ਬਿਮਲਾ ਦੇਵੀ, ਜਗਦੀਪ ਸਿੰਘ ਮਾਂਗਟ, ਪੁਸ਼ਪਿੰਦਰ ਪਿੰਕੀ ਆਦਿ ਆਗੂ ਵੀ ਹਾਜਰ ਸਨ। ਜਾਰੀ ਕਰਤਾ :- ਇੰਦਰਜੀਤ ਵਿਰਦੀ ਸੂਬਾ ਪ੍ਰੈਸ ਸਕੱਤਰ 98761 31571

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਤੋਂ 10 ਜੁਲਾਈ ਨੂੰ ਵੱਡੇ ਕਾਫਲੇ ਹੋਣਗੇ ਸੰਭੂ ਬਾਰਡਰ ਵੱਲ ਰਵਾਨਾ। ਮਾਣੋਚਾਹਲ, ਸਿੱਧਵਾਂ, ਸ਼ਕਰੀ

ਵਰਲਡ ਪੰਜਾਬੀ ਟਾਈਮਜ਼

ਤਰਨ ਤਾਰਨ 29 ਜੂਨ : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੀ ਮੀਟਿੰਗ ਬਾਬਾ ਕਾਹਨ ਸਿੰਘ ਦੇ ਸਥਾਨਾਂ ਤੇ ਪਿੰਡ ਪਿੱਦੀ ਵਿਖੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸੁਭਰਾ ਅਤੇ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ ਵਿਸ਼ੇਸ਼ ਤੌਰ ਤੇ ਪਹੁੰਚੇ। ਮੀਟਿੰਗ ਨੂੰ ਸੰਬੋਧਿਤ ਕਰਦਿਆਂ ਸੂਬਾ ਆਗੂ ਅਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਦਿਆਲ ਸਿੰਘ ਮੀਆਂਵਿੰਡ, , ਜਰਨੈਲ ਸਿੰਘ ਨੂਰਦੀ ਨੇ ਕਿਹਾ ਕਿ 10 ਜੁਲਾਈ ਨੂੰ ਜ਼ਿਲ੍ਹਾ ਤਰਨ ਤਾਰਨ ਤੋਂ ਵੱਡੇ ਕਾਫਲੇ ਸ਼ੰਭੂ ਬਾਰਡਰ ਵੱਲ ਨੂੰ ਰਵਾਨਾ ਹੋਣਗੇ। ਉਹਨਾਂ ਕਿਹਾ 10ਜੁਲਾਈ ਲਈ ਜੂਨਾਂ ਦੀਆਂ ਮੀਟਿੰਗਾਂ, ਇਕਾਈਆਂ ਦੀਆਂ ਮੀਟਿੰਗਾਂ ਲਗਾ ਕੇ ਵੱਡੀਆਂ ਤਿਆਰੀਆਂ ਕੀਤੀਆਂ ਗਈਆਂ ਹਨ। ਮੀਟਿੰਗਾਂ ਵਿੱਚ ਲੋਕਾਂ ਨੇ ਹੱਕ ਸੱਚ ਦੀ ਲੜਾਈ ਲਈ ਵੱਡਾ ਹੁੰਗਾਰਾ ਦਿੱਤਾ। ਕਿਸਾਨ ਆਗੂ ਹਰਬਿੰਦਰਜੀਤ ਸਿੰਘ ਕੰਗ, ਫਤਿਹ ਸਿੰਘ ਪਿੱਦੀ, ਬਲਵਿੰਦਰ ਸਿੰਘ ਚੋਹਲਾ ਸਾਹਿਬ,ਧੰਨਾ ਸਿੰਘ ਲਾਲੂਘੁਮਣ ਬੀਬੀ ਰਣਜੀਤ ਕੌਰ ਨੇ ਕਿਹਾ ਕਿ ਬੀਜੇਪੀ ਦੇ ਗੁੰਡਿਆਂ ਵੱਲੋਂ ਸ਼ੰਭੂ ਬਾਰਡਰ ਤੇ ਸ਼ਾਂਤਮਈ ਬੈਠੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ,



ਬੀਬੀਆਂ ਤੇ ਹਮਲਾ ਕਰਨਾ ਨਿੰਦਨਯੋਗ ਹੈ। ਇਹ ਸਰਕਾਰ ਦੀ ਬਾਹੋਂ ਖਲਾਹਟ ਹੈ। ਇਹ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਏਗਾ। ਸਰਕਾਰ ਇਹ ਘਨੋਣੀਆਂ ਹਰਕਤਾਂ ਤੋਂ ਬਾਜ ਆਵੇ।ਉਹਨਾਂ ਕਿਹਾ ਕਿ ਕਿਸਾਨਾਂ ਵੱਲੋਂ ਦੋਵਾਂ ਮਾਰਗਾਂ ਤੇ ਰਸਤਾ ਬਿਲਕੁਲ ਖੁੱਲਿਆ ਹੋਇਆ ਹੈ। ਤੇ ਰਸਤਾ ਸਰਕਾਰ ਵੱਲੋਂ ਵੱਡੀਆਂ ਵੱਡੀਆਂ ਕੰਧਾਂ ਕਰਕੇ ਨੁਕੀਲੀਆਂ ਤਾਰਾਂ ਲਾ ਕੇ ਕੰਟੇਨਰ ਰੱਖ ਕੇ ਬੰਦ ਕੀਤਾ ਹੈ। ਨਾ ਕੀ ਕਿਸਾਨਾਂ ਵੱਲੋਂ ਕਿਸਾਨਾਂ ਵੱਲੋਂ ਰਸਤਾ ਖੁੱਲਿਆ ਹੋਇਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਹੱਕ ਸੱਚ ਦੀ ਆਵਾਜ਼ ਚੁੱਕ ਰਹੇ ਨਵਦੀਪ ਸਿੰਘ ਵਾਟਰ ਕੈਨਨ ਨੂੰ ਅਤੇ ਉਸਦੇ ਦੋ ਹੋਰ ਸਾਥੀਆਂ ਨੂੰ ਸਰਕਾਰ ਵੱਲੋਂ ਜੇਲ ਵਿੱਚ ਨਜ਼ਰਬੰਦ ਕੀਤਾ ਹੋਇਆ ਹੈ। ਉਹਨਾਂ ਤੇ ਅੰਨਾ ਤਸ਼ੱਦਦ ਢਾਇਆ ਜਾ ਰਿਹਾ ਹੈ। ਤੇ ਦੂਜੇ ਪਾਸੇ ਸ਼ਰੇਆਮ ਕਿਸਾਨਾਂ ਅਤੇ ਪੱਤਰਕਾਰ ਵੀਰ ਤੇ ਗੱਡੀ ਚੜ੍ਹਾ ਕੇ ਉਹਨਾਂ ਨੂੰ ਕਤਲ ਕੀਤਾ ਜਾਂਦਾ ਹੈ। ਪਰ ਉਹਨਾਂ ਦੇ ਕਾਤਲ ਅੱਜ ਵੀ ਸ਼ਰੇਆਮ ਬਾਹਰ ਘੁੰਮ ਰਹੇ ਹਨ। ਕਾਤਲ ਲੋਕ ਬਾਹਰ ਘੁੰਮ ਰਹੇ ਹਨ ਅਤੇ ਦੱਬੇ ਕੁਚਲੇ ਲੋਕਾਂ ਲਈ ਹੱਕ ਸੱਚ ਦੀ ਆਵਾਜ਼ ਚੁੱਕਣ ਵਾਲੇ ਲੋਕ ਅੱਜ ਜੇਲਾਂ ਵਿੱਚ ਸੁੱਟੇ ਜਾ ਰਹੇ ਹਨ ਕੀ ਇਹ ਲੋਕਤੰਤਰ ਹੈ ਕਿਸਾਨ ਆਗੂਆਂ ਨੇ ਵੰਗਾਰਿਆ ਤੇ ਕਿਹਾ ਚਲੋ 17 ਜੁਲਾਈ ਨੂੰ ਹੱਕ ਸੱਚ ਦੀ ਆਵਾਜ਼ ਨਵਦੀਪ ਸਿੰਘ ਵਾਟਰ ਕੈਨਨ ਅਤੇ ਉਸਦੇ ਸਾਥੀਆਂ ਨੂੰ ਛਡਾਉਣ ਲਈ ਪਹੁੰਚੋ ਅੰਬਾਲਾ। ਕਿਸਾਨ ਆਗੂਆਂ ਕਿਹਾ 23 ਫਸਲਾਂ ਤੇ ਐਮਐਸਪੀ ਦੀ ਗਰੰਟੀ ਦਿੱਤੀ ਜਾਵੇ, ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਜਾਵਾਂ ਦਿੱਤੀਆਂ ਜਾਣ, ਦਿੱਲੀ ਅੰਦੋਲਨ ਵਿੱਚ ਹੋਏ ਕਿਸਾਨਾਂ ਤੇ ਝੂਠੇ ਪਰਚੇ ਰੱਦ ਕੀਤੇ ਜਾਣ, 2022 ਬਿਜਲੀ ਸੋਦ ਐਕਟ ਰੱਦ ਕੀਤਾ ਜਾਵੇ, ਭਾਰਤ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਆਵੇ, ਮਨਰੇਗਾ ਤਹਿਤ ਮਜ਼ਦੂਰਾਂ ਦੀ ਦਿਹਾੜੀ 700 ਰੁਪਆ ਕੀਤੀ ਜਾਵੇ, ਨਵਦੀਪ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਰਿਹਾਅ ਕੀਤਾ ਜਾਵੇ, ਸ਼ੁਭ ਕਰਨ ਦੀ ਮੌਤ ਦਾ ਇਨਸਾਫ ਦਿੱਤਾ ਜਾਵੇ।ਪ੍ਰਦੂਸ਼ਣ ਐਕਟ ਵਿੱਚੋਂ ਕਿਸਾਨਾਂ ਨੂੰ ਬਾਹਰ ਰੱਖਿਆ ਜਾਵੇ। ਇਸ ਮੌਕੇ ਸਲਵਿੰਦਰ ਸਿੰਘ ਜੀਓਬਾਲਾ, ਕੁਲਵਿੰਦਰ ਸਿੰਘ ਕੈਰੋਵਾਲ, ਮਨਜਿੰਦਰ ਸਿੰਘ ਗੋਲਵੜ, ਇਕਬਾਲ ਸਿੰਘ ਵੜਿੰਗ, ਮੁਖਤਾਰ ਸਿੰਘ ਬਿਹਾਰੀਪੁਰ, ਪਾਖਰ ਸਿੰਘ ਲਾਲਪੁਰ, ਸੁਖਵਿੰਦਰ ਸਿੰਘ ਦੁਗਲਵਾਲਾ, ਹਰਜਿੰਦਰ ਸਿੰਘ ਚੰਬਾ,ਰੂਪ ਸਿੰਘ ਸੈਦੋ ,ਕੁਲਵੰਤ ਸਿੰਘ ਭੈਲ, ਪਰਮਜੀਤ ਸਿੰਘ ਛੀਨਾ,ਗਿਆਨ ਸਿੰਘ ਚੋਹਲਾ ਖੁਰਦ, ਦਲਬੀਰ ਸਿੰਘ ਭੂਰਾ, ਸੁੱਚਾ ਸਿੰਘ ਵੀਰਮ, ਨਿਰੰਜਨ ਸਿੰਘ ਬਰਗਾੜੀ, ਸਲਵਿੰਦਰ ਸਿੰਘ ਡਾਲੇਕੇ, ਵਲੰਟੀਅਰ ਫਤਿਹ ਸਿੰਘ ਪਿੱਦੀ। ਰਣਜੀਤ ਕੌਰ ਕੱਲਾ ਬੀਬੀ ਦਵਿੰਦਰ ਕੌਰ ਪਿੱਦੀ, ਮਨਜੀਤ ਕੌਰ ਮੋਹਨਪੁਰਾ ਆਦਿ ਆਗੂ ਹਾਜ਼ਰ ਸਨ

## 2024 ਅਜਾਇਬ ਚਿਤਰਕਾਰ ਦਾ ਜਨਮ ਸ਼ਤਾਬਦੀ ਸਾਲ ਹੈ ਦੋਸਤੋ।

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ



ਅਜਾਇਬ ਚਿੱਤਰਕਾਰ ਸਾਡਾ ਮਹੱਤਵਪੂਰਨ ਅਗਾਂਹਵਧੂ ਕਵੀ ਸੀ ਜਿਸ ਨੇ ਦੇਸ਼ ਵੰਡ ਤੋਂ ਪਹਿਲਾਂ ਕਾਵਿ ਸਿਰਜਣਾ ਆਰੰਭੀ ਤੇ ਆਖ਼ਰੀ ਸਵਾਸਾਂ ਤੀਕ ਸਿਰਜਣਸ਼ੀਲ ਰਿਹਾ।

ਘਵੱਦੀ(ਲੁਧਿਆਣਾ) ਦਾ ਜੰਮਪਲ ਇਹ ਸ਼ਾਇਰ ਪਹਿਲਾਂ ਪਹਿਲ ਅਧਿਆਪਕ ਸੀ। ਖ਼ਾਲਸਾ ਹਾਈ ਸਕੂਲ ਕਿਲ੍ਹਾ ਰਾਏਪੁਰ(ਲੁਧਿਆਣਾ) ਵਿੱਚ ਉਹ ਸ, ਜਗਦੇਵ ਸਿੰਘ ਜੱਸੋਵਾਲ ਜੀ ਦਾ ਅਧਿਆਪਕ ਸੀ ਤੇ ਖ਼ਾਲਸਾ ਨੈਸ਼ਨਲ ਹਾਈ ਸਕੂਲ ਲੁਧਿਆਣਾ ਵਿੱਚ ਪ੍ਰਸਿੱਧ ਉਦਯੋਗਪਤੀ ਸਵਰਗੀ ਸਃ ਜਗਤ ਸਿੰਘ(ਜੀ ਐੱਸ ਆਟੋ) ਦਾ ਉਸਤਾਦ ਸੀ। ਦੋਵੇ ਸ਼ਖਸੀਅਤਾਂ ਮੈਂ ਆਪਣੀ ਅੱਖੀਂ ਅਜਾਇਬ ਜੀ ਦੇ ਗੋਡੀਂ ਹੱਥ ਲਾਉਂਦੀਆਂ ਵੇਖੀਆਂ ਹਨ।

ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿੱਚ ਅਜਾਇਬ ਚਿਤਰਕਾਰ ਸਾਹਿਰ ਲੁਧਿਆਣਵੀ ,ਪਾਕਿਸਤਾਨ ਟਾਈਮਜ਼ ਅਖ਼ਬਾਰ ਦੇ ਸੰਪਾਦਕ ਹਮੀਦ ਅਖ਼ਤਰ ਤੇ ਇਬਨੇ ਇਵਸ਼ਾ ਦਾ ਜੋਟੀਦਾਰ ਸੀ। ਮਰਦੇ ਦਮ ਤੀਕ ਦੋਸਤੀ ਨਿਭੀ।

ਬਾਦ ਵਿੱਚ ਉਹ ਸ. ਜੀਵਨ ਸਿੰਘ ਲਾਹੌਰ ਬੁੱਕ ਸ਼ਾਪ ਵਾਲਿਆਂ ਦੇ ਅਦਾਰੇ ਵਿੱਚ ਸੰਪਾਦਕ ਲੱਗ ਗਏ। ਜਰਨੈਲ ਸਿੰਘ ਅਰਸ਼ੀ, ਸੰਤੋਖ ਸਿੰਘ ਧੀਰ, ਸੁਰਜੀਤ ਰਾਮਪੁਰੀ, ਇੰਦਰਜੀਤ ਹਸਨਪੁਰੀ,ਗੁਰਚਰਨ ਰਾਮਪੁਰੀ , ਡਾ. ਜੌਹਨ ਅਕਬਰ ਰਾਹੀ ਤੇ ਸੱਜਣ ਗਰੇਵਾਲ ਨਾਲ ਹਮੇਸ਼ਾਂ ਬੁੱਕਲ ਸਾਂਝੀ ਰਹੀ। ਲਾਹੌਰ ਬੁੱਕ ਸ਼ਾਪ ਵਾਲਿਆਂ ਦੀ ਲਾਹੌਰ ਆਰਟ ਪ੍ਰੈੱਸ ਵਾਲਿਆਂ ਕੋਲ ਉਦੋਂ ਕਈ ਵੱਡੇ ਸਿਰਜਕ ਕੰਮ ਕਰਦੇ ਸਨ। ਸੱਤਯ ਪਾਲ ਆਨੰਦ ਤੇ ਕੁਮਾਰ ਵਿਕਲ ਵਰਗੇ ਸ਼ਾਇਰ। ਸ. ਹਜ਼ਾਰਾ ਸਿੰਘ ਪਰੈੱਸ ਮੈਨੇਜਰ ਸਨ ਜੋ ਮਗਰੋਂ ਪੰਜਾਬੀ ਯੂਨੀਵਰਸਿਟੀ ਪ੍ਰਕਾਸ਼ਨ ਬਿਉਰੋ ਦੇ ਬਾਨੀ ਮੁਖੀ ਬਣੇ। ਰੱਜ ਕੇ ਸੁਹਜਵੰਤੇ ਇਨਸਾਨ। ਅਜਾਇਬ ਚਿਤਰਕਾਰ ਇਥੇ ਕੰਮ ਕਰਦਿਆ ਪਹਿਲੇ ਆਲੋਚਨਾ ਮੈਗਜ਼ੀਨ "ਸਾਹਿੱਤ ਸਮਾਚਾਰ"ਤੇ ਬਾਲ ਦਰਬਾਰ ਮੈਗਜ਼ੀਨਜ਼ ਦੇ ਸੰਪਾਦਕ ਵੀ ਰਹੇ। ਐੱਮ ਐੱਮ ਏ ਪੰਜਾਬੀ ਕਰਨ ਵਾਲਿਆਂ ਲਈ ਉਦੋਂ ਇਹ ਮੈਗਜ਼ੀਨ ਸੰਜੀਵਨੀ ਬੂਟੀ ਵਾਂਗ ਸੀ।

ਬਾਦ ਵਿੱਚ ਉਹ ਆਪਣੇ ਮਿੱਤਰ ਰਾਜ ਸ਼ਰਮਾ ਦੇ ਕਹਿਣ ਤੇ ਪੰਜਾਬ ਖੇਤੀਬਾੜੀ ਵਿਭਾਗ ਦੇ ਸੂਚਨਾ ਸੈਕਸ਼ਨ ਵਿੱਚ ਬਤੌਰ ਆਰਟਿਸਟ ਭਰਤੀ ਹੋ ਗਏ।

1962 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਆ ਗਏ। ਇਥੋਂ ਹੀ ਉਹ 1984 ਚ ਸੇਵਾ ਮੁਕਤ ਹੋਏ। ਤਿੰਨ ਸਾਲ ਉਹ ਸੇਵਾ ਵਾਧੇ ਤੇ ਵੀ ਰਹੇ ਕਿਉਂਕਿ ਮੌਕੇ ਦੇ ਅਫ਼ਸਰ ਕਹਾਣੀਕਾਰ ਸ. ਕੁਲਵੰਤ ਸਿੰਘ ਵਿਰਕ ਤੇ ਡਾ. ਮ ਸ ਰੰਧਾਵਾ(ਉਦੋਂ ਪੀ ਏ ਯੂ ਪ੍ਰਬੰਧਕੀ ਬੋਰਡ ਦੇ ਮੈਂਬਰ) ਉਨ੍ਹਾਂ ਤੋਂ ਹੋਰ ਕੰਮ ਲੈਣਾ ਚਾਹੁੰਦੇ ਸਨ। ਇਥੇ ਕੰਮ ਕਰਦੇ ਉਰਦੂ ਸ਼ਾਇਰ ਕ੍ਰਿਸ਼ਨ ਅਦੀਬ ਨਾਲ ਉਨ੍ਹਾਂ ਦੀ ਸਾਹਾਂ ਤੇ ਸ਼ਾਮਾਂ ਦੀ ਪੱਕੀ ਸਾਂਝ ਸੀ। ਇਸ ਮੁਹੱਬਤ ਤੇ ਸੁਹਬਤ ਬਾਰੇ ਹੋਰ ਵਿਸਥਾਰ ਜਾਨਣ ਲਈ ਤੁਸੀਂ ਸੁਰਜੀਤ ਪਾਤਰ ਦੀ ਵਾਰਤਕ ਪੁਸਤਕ ਸੂਰਜ ਮੰਦਰ ਦੀਆਂ ਪੌੜੀਆਂ ਵਿੱਚੋਂ ਪੜ੍ਹ ਲੈਣਾ।

ਸਬੱਬ ਦੇਖੋ! ਜਦ ਮੇਰੀ ਨਿਯੁਕਤੀ ਪੰਜਾਬ ਖੇਤੀ ਯੂਨੀਵਰਸਿਟੀ ਦੇ ਸੰਚਾਰ ਕੇਂਦਰ ਵਿੱਚ ਹੋਈ ਤਾਂ ਮੈਨੂੰ ਉਹੀ ਕਮਰਾ ਅਲਾਟ ਹੋਇਆ ਜੋ ਪਹਿਲਾਂ ਅਜਾਇਬ ਚਿਤਰਕਾਰ ਜੀ ਕੋਲ ਹੁੰਦਾ ਸੀ। ਉਹ ਸਾਡੇ ਲਈ ਹਮੇਸ਼ਾਂ ਬਾਬਲ ਵਾਂਗ ਰਹੇ।

18 ਫਰਵਰੀ 1924 ਨੂੰ ਜਨਮੇ ਤੇ 2 ਜੁਲਾਈ, 2012 ਨੂੰ ਵਿੱਛੜੇ ਅਜਾਇਬ ਚਿਤਰਕਾਰ ਜੀ ਦੇ ਪੁੱਤਰ ਤੇ ਕਹਾਣੀਕਾਰ ਗੁਰਪਾਲ ਘਵੱਦੀ ਨਾਲ ਸਾਡੀ ਦੋਸਤੀ ਕਾਰਨ ਉਨ੍ਹਾਂ ਦੀ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਵਾਲੀ ਰਿਹਾਇਸ਼ ਅਤੱ ਮਗਰੋਂ ਦਸਮੇਸ਼ ਨਗਰ ਵਾਲੇ ਘਰ ਵਿੱਚ ਸਾਡਾ ਬਹੁਤ ਆਉਣਾ ਜਾਣਾ ਰਿਹਾ।

ਪ੍ਰੀਤਲੜੀ ਦੇ ਸੰਪਾਦਕ ਸ. ਨਵਤੇਜ ਸਿੰਘ ਜੀ ਦੇ ਕਹਿਣ ਤੇ ਮੈਂ 1977-78 ਵਿੱਚ ਅਜਾਇਬ ਚਿਤਰਕਾਰ ਜੀ ਦੀ ਮੁਲਾਕਾਤ ਕੀਤੀ ਜੋ ਬਹੁਤ ਸੋਹਣੇ ਰੂਪ ਵਿੱਚ ਛਪੀ।

ਅਜਾਇਬ ਚਿੱਤਰਕਾਰ ਜੀ ਦੀ ਕਾਵਿ ਸਿਰਜਣਾ ਵਿੱਚ ਦੁਮੇਲ (1946) ਭੁਲੇਖੇ (1949)ਸੱਜਰੀ ਪੈੜ (1955) ਸੂਰਜਮੁਖੀਆ (1955)

ਮਹਾਂ ਸਿਕੰਦਰ (ਕਾਵਿ-ਕਥਾ) ਚਾਰ ਜੁੱਗ (ਚੋਣਵੀਂ ਕਵਿਤਾ, 1958) ਮਨੁੱਖ ਬੀਤੀ (1960)ਪੰਜਾਬ ਦੀ ਕਹਾਣੀ (ਲੰਮੀ ਕਵਿਤਾ) ਗੁਰੂ ਤੇਗ ਬਹਾਦਰ ਜੀ ਬਾਰੇ ਜਨਮ ਸ਼ਤਾਬਦੀ ਵੇਲੇ 1975 ਵਿੱਚ ਸੱਚ ਦਾ ਸੂਰਜ (ਖੰਡ-ਕਾਵਿ) ਆਵਾਜ਼ਾਂ ਦੇ ਰੰਗ (1976) ਜ਼ਖ਼ਮੀ ਖ਼ਿਆਲ ਦਾ ਚਿਹਰਾ (1980)ਨਗ਼ਮੇ ਦਾ ਲਿਬਾਸ (1995) ਰੰਗ ਸਵੇਰਾਂ ਸ਼ਾਮਾਂ ਦੇ,ਸੁਪਨਿਆਂ ਦਾ ਟਾਪੂ,ਆਬਸ਼ਾਰ (1988) (ਉਰਦੂ) ਸਾਹਿਰ : ਖ਼ਾਬਾਂ ਦਾ ਸ਼ਹਿਜ਼ਾਦਾ(ਕ੍ਰਿਸ਼ਨ ਅਦੀਬ ਦੀ ਲਿਖੀ ਕਿਤਾਬ ਦਾ ਅਨੁਵਾਦ)ਪੰਜਾਬੀ ਚਿੱਤਰਕਾਰ (1995) ਸੁਪਨਿਆਂ ਦਾ ਟਾਪੂ (1998) ਤੇ ਤਿੰਨ ਰੰਗ ਪ੍ਰਮੁੱਖ ਸਨ। ਟੈਗੋਰ ਦੀ ਕਾਵਿ ਪੁਸਤਕ ਗੀਤਾਂਜਲੀ ਦਾ ਪੰਜਾਬੀ ਅਨੁਵਾਦ ਸਭ ਤੋਂ ਪਹਿਲਾਂ ਅਜਾਇਬ ਚਿਤਰਕਾਰ ਜੀ ਨੇ ਕੀਤਾ।

ਸਾਹਿਰ ਲੁਧਿਆਣਵੀ ਦੀ ਜਗਤ ਪ੍ਰਸਿੱਧ ਕਾਵਿ ਪੁਸਤਕ ਤਲਖ਼ੀਆਂ ਦਾ ਲਿਪੀਅੰਤਰਣ ਵੀ ਉਨ੍ਹਾਂ ਹੀ ਕੀਤਾ ਤੇ ਲਾਹੌਰ ਬੁੱਕ ਸ਼ਾਪ ਤੋਂ ਛਪਵਾਇਆ।

ਮੇਰੀ ਸਾਹਿਤਕ ਸਵੈ ਜੀਵਨੀ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਲਿਖੀ।

ਉਨ੍ਹਾਂ ਦੀਆਂ ਬਾਲ ਸਾਹਿਤ ਬਾਰੇ 15 ਪੁਸਤਕਾਂ ਬਹੁਤ ਹਰਮਨ ਪਿਆਰੀਆਂ ਸਨ।

ਭਾਸ਼ਾ ਵਿਭਾਗ ਪੰਜਾਬ ਨੇ 2002 ਵਿੱਚ ਉਨ੍ਹਾਂ ਨੂੰ ਪੰਜਾਬੀ ਸਾਹਿੱਤ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਿਤ ਕੀਤਾ।

ਅਜਾਇਬ ਚਿਤਰਕਾਰ ਜੀ ਦਾ ਕਾਵਿ ਸੰਬੋਧਨ ਬਹੁਤ ਬੁਲੰਦ ਸੀ। ਉਹ ਆਮ ਬੋਲ ਚਾਲ ਵਿੱਚ ਜਿੰਨੇ ਧੀਮੇ ਤੇ ਸਹਿਜਵੰਤੇ ਸਨ , ਮੰਚ ਤੇ ਪਹੁੰਚਣ ਸਾਰ ਉਬ ਫੌਲਾਦੀ ਮਨੁੱਖ ਹੁੰਦੇ ਸਨ। ਜਦ ਉਹ ਆਖਦੇ ਕਿ" ਮੇਰਿਆਂ ਹੱਥਾਂ ਚ ਤੇਸਾ, ਮੇਰਿਆਂ ਪੈਰਾਂ ਚ ਬਿਜਲੀ" ਤਾਂ ਲੱਗਦਾ ਕਿ ਫਰਹਾਦ ਪਹਾੜ ਨੂੰ ਸ਼ੀਰੀਂ ਵਾਸਤੇ ਦੁੱਧ ਦੀ ਨਹਿਰ ਪੁੱਟਣ ਲਈ ਬਿਹਬਲ ਹੈ।

ਅਜਾਇਬ ਚਿਤਰਕਾਰ ਦੀ ਸ਼ਾਇਰੀ ਨੂੰ ਖੋਲ੍ਹਣ ਲਈ ਉਨ੍ਹਾਂ ਦੇ ਇਹ ਸ਼ਿਅਰ ਮੇਰੇ ਹਮੇਸ਼ਾਂ ਸੰਗ ਸਾਥ ਰਹੇ ਨੇ।

ਪਾ ਪਾ ਕੇ ਪਾਣੀ ਪਾਲਣਾ, ਫੁੱਲਾਂ ਨੂੰ ਠੀਕ ਹੈ,
ਪਲ਼ਦੀ ਨਹੀਂ ਹੈ ਪਰ ਕਲਾ, ਦਿਲ ਦੇ ਲਹੂ ਬਗੈਰ।

ਅੱਥਰੂ ਹਰ ਅੱਖ ਦੇ ਕਰ ਕਰ ਇਕੱਤਰ ਦੋਸਤੋ।
ਬਣ ਗਿਆ ਏ ਮੇਰਾ ਦਿਲ , ਸ਼ੀਸ਼ੇ ਤੋਂ ਪੱਥਰ ਦੋਸਤੋ।

ਚਾਹੁੰਦੇ ਹੋ ਮੇਰਾ ਦੁਖ ਸੁਖ ਇੱਕ ਨਜ਼ਰ ਵਿੱਚ ਵੇਖਣਾ,
ਜ਼ਿੰਦਗੀ ਮੇਰੀ ਹੈ ਯਾਰੋ, ਇਹ ਕੋਈ ਐਲਬਮ ਨਹੀਂ।

ਅਜਾਇਬ ਚਿਤਰਕਾਰ ਪੂਰੀ ਉਮਰ ਪਿਛਲੀ ਕਤਾਰ ਵਿੱਚ ਬਹਿ ਕੇ ਹੀ ਰਾਜ਼ੀ ਰਹੇ। ਅੱਗੇ ਹੋ ਹੋ ਛੋਹਰਛਿੰਨਿਆਂ ਵਾਂਗ ਕਦੇ ਲੂਰ ਲੂਰ ਕਦੇ ਨਹੀਂ ਸੀ ਵੇਖੇ। 1972 ਤੋਂ 2012 ਤੀਕ ਦੀ ਗਵਾਹੀ ਤਾਂ ਮੈਂ ਦੇ ਸਕਦਾ ਹਾਂ। ਉਨ੍ਹਾਂ ਦੇ ਸਪੁੱਤਰ ਸੁਰਗਵਾਸੀ ਪ੍ਰਿੰਸੀਪਲ ਨਾਗਰ ਸਿੰਘ ਨੇ ਅਜਾਇਬ ਜੀ ਦੇ ਜਿਉਂਦੇ ਜੀਅ ਹੀ ਪਟਿਆਲਾ ਵਿੱਚ ਅਦਾਇਬ ਚਿਤਰਕਾਰ ਕਾਲਿਜ ਆਫ਼ ਫਾਈਨ ਆਰਟਸ ਖੋਲ੍ਹਿਆ ਸੀ। ਨਿੱਕਾ ਪੁੱਤਰ ਸੁਖਪਾਲ ਸਿੰਘ ਪਰਿਵਾਰ ਦੀ ਮਦਦ ਨਾਲ ਉਨ੍ਹਾਂ ਦੀ ਅਦਬੀ ਵਿਰਾਸਤ ਨੂੰ ਸੰਭਾਲਣ ਲਈ ਯਤਨਸ਼ੀਲ ਹੈ।

ਕਿਸੇ ਮਿੱਤਰ ਨੇ ਦੱਸਿਆ ਹੈ ਹੈ ਕਿ ਭਾਸ਼ਾ ਵਿਭਾਗ ਪੰਜਾਬ ਉਨ੍ਹਾਂ ਬਾਰੇ ਵਿਸ਼ੇਸ਼ ਅੰਕ ਛਾਪ ਰਿਹੈ। ਚੰਗੀ ਗੱਲ ਹੈ। ਪੰਜਾਬੀ ਨਾਲ ਸਬੰਧਿਤ ਸੰਸਥਾਵਾਂ ਨੂੰ ਉਨ੍ਹਾਂ ਦੀ ਜਨਮ ਸ਼ਤਾਬਦੀ ਮੌਕੇ ਵਿਸ਼ੇਸ਼ ਪ੍ਰਕਾਸ਼ਨਾਵਾਂ ਤੇ ਹੋਰ ਕੋਸ਼ਿਸ਼ ਕਰਕੇ ਉਸ ਦੀ ਕੀਰਤੀ ਘਰ ਘਰ ਪਹੁੰਚਾਉਣੀ ਚਾਹੀਦੀ ਹੈ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਅਸੀਂ ਵੀ ਉਨ੍ਹਾਂ ਦੀ ਚੋਣਵੀਂ ਗ਼ਜ਼ਲ ਦਾ ਪ੍ਰਕਾਸ਼ਨ ਕਰ ਸਕਦੇ ਹਾਂ ਜੇ ਪਰਿਵਾਰ ਪ੍ਰਵਾਨਗੀ ਦੇਵੇਗਾ।

## 'ਮਨ ਅਤਿ ਸੁੰਦਰ' ਸੀਰੀਅਲ ਵਿੱਚ ਦਾਦੀ ਮਾਂ ਦਾ ਰੋਲ ਬਣਿਆ ਦਰਸ਼ਕਾਂ ਦੀ ਪਹਿਲੀ ਪਸੰਦ : ਸੁਸ਼ਮਾ ਪ੍ਰਸ਼ਾਂਤ




ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ

ਸੁਸ਼ਮਾ ਪ੍ਰਸ਼ਾਂਤ ਇੱਕ ਅਜਿਹੀ ਅਭਿਨੇਤਰੀ ਹੈ ਜਿਸਨੇ ਆਪਣੇ ਹਰ ਰੋਲ ਵਿੱਚ ਜਾਨ ਪਾ ਦਿੱਤੀ। ਰੋਲ ਭਾਵੇਂ ਛੋਟਾ ਹੋਵੇ ਜਾਂ ਵੱਡਾ, ਉਸ ਨੇ ਆਪਣਾ ਪੂਰਾ ਧਿਆਨ ਆਪਣੇ ਰੋਲ 'ਤੇ ਹੀ ਰੱਖਿਆ।

ਸੁਸ਼ਮਾ ਦੀ ਅਦਾਕਾਰੀ ਵਿੱਚ ਸਭ ਤੋਂ ਅਹਿਮ ਭੂਮਿਕਾ ਉਸ ਦੀਆਂ ਅੱਖਾਂ ਦੀ ਹੈ। ਉਸ ਦੀਆਂ ਅੱਖਾਂ ਐਨੀਆਂ ਬੋਲਦੀਆਂ ਹਨ

ਉਸ ਦੀ ਸ਼ਖ਼ਸੀਅਤ ਦਾ ਆਕਰਸ਼ਣ ਉਸ ਦੀਆਂ ਅੱਖਾਂ ਦੇ ਨਾਲ-ਨਾਲ ਉਸ ਦੇ ਬੁੱਲ੍ਹ ਵੀ ਸਨ। ਉਸ ਦੇ ਵੱਡੇ-ਵੱਡੇ ਬੁੱਲ੍ਹਾਂ ਵਿਚ ਇਕ ਅਜੀਬ ਜਿਹਾ ਸੁਹਜ ਸੀ, ਜਿਸ ਨੇ ਉਸ ਦੀ ਅਦਾਕਾਰੀ ਨੂੰ ਹੋਰ ਵੀ ਸ਼ਕਤੀਸ਼ਾਲੀ ਬਣਾ ਦਿੱਤਾ ਸੀ।

ਸੁਸ਼ਮਾ ਨੇ ਕਈ ਸੀਰੀਅਲਾਂ 'ਚ ਕੰਮ ਕੀਤਾ ਹੈ, ਜਿਨ੍ਹਾਂ 'ਚੋਂ..."ਜਨੂੰਨੀਅਤ" ਦੀ "ਦਾਦੀ ਜੀ" ਵਜੋਂ ਮਸ਼ਹੂਰ ਹੈ।

ਹਿੰਦੀ ਫਿਲਮਾਂ 'ਚ ਵੱਖ-ਵੱਖ ਕਿਰਦਾਰ ਨਿਭਾਉਣ ਵਾਲੀ ਸੁਸ਼ਮਾ ਦਾ ਚਾਹੇ ਫਿਲਮੀ ਕੈਰੀਅਰ ਲੰਬਾ ਨਹੀਂ ਸੀ। ਪਰ ਇਸ ਛੋਟੇ ਜਿਹੇ ਕਰੀਅਰ ਵਿੱਚ ਸੁਸ਼ਮਾ ਨੇ ਆਪਣੀ ਅਦਾਕਾਰੀ ਨਾਲ ਲੋਕਾਂ ਦੇ ਦਿਲਾਂ ਵਿੱਚ ਵੱਖਰੀ ਥਾਂ ਬਣਾ ਲਈ ਹੈ।

ਸੁਸ਼ਮਾ ਪ੍ਰਸ਼ਾਂਤ ਇੱਕ ਫਿਲਮ ਅਤੇ ਟੈਲੀਵਿਜ਼ਨ ਥੀਏਟਰ ਅਦਾਕਾਰਾ ਹੈ। ਜੋ ਹੁਣ ਤੱਕ ਕਈ ਵੱਡੀਆਂ ਬਾਲੀਵੁੱਡ ਫਿਲਮਾਂ ਅਤੇ ਹਿੰਦੀ ਟੈਲੀਵਿਜ਼ਨ ਸੀਰੀਅਲਾਂ ਵਿੱਚ ਨਜ਼ਰ ਆ ਚੁੱਕੀ ਹੈ। 'ਅਨਮੋਲ, 'ਐਲਾਨ' ਅਤੇ 'ਕੱਲ ਕੀ ਆਵਾਜ਼' ਪਰਮਵੀਰ ਚੱਕਰ 'ਤੁਮ੍ਹਾਰ ਕਰਿਆਂ (ਭੋਜਪੁਰੀ ਫ਼ਿਲਮਾ, 'ਬਾਊ ਜੀ ਤੁਮ੍ਹਾਰ' ਵਿਆਹ ਹਿੰਦੀ ਸੀਰੀਅਲ ਚੁੰਨੀ, ਆਪ ਬੀਤੀ, ਅਪਰਾਧੀ ਕੋਣ, ਰਮਾਇਣ ਦੂਜਾ ਭਾਗ, ਸੂਰੀਆਂ ਪੁਰਾਣ, ਪ੍ਰਿਥਵੀ ਰਾਜ਼ ਚੌਹਾਨ, ਸਾਈ ਬਾਬਾ (ਅਨੰਤ ਨਾਗ), ਸ਼ਨੀ ਦੇਵ, ਧਰਮਵੀਰ, ਆਹਟ, ਸੀ ਆਈ ਡੀ, ਪੁਕਾਰ ਕਰਾਇਮ ਪਟਰੋਲ, ਸਾਵਧਾਨ ਇੰਡੀਆ, ਕਭੀ ਸਾਸ ਵੀ ਬਹੂ ਥੀ, ਮੋਹਨ ਦਾਸ ਐਲ ਐਲ ਬੀ, ਪੁਕਾਰ, ਚੌਂਕੀ ਨੰ 11,

ਅਪਰਾਧੀ, ਬਾਗਲੇ ਕੀ ਦੁਨੀਆਂ, ਹਿਨਾ, ਸੁਜਾਤਾ, ਸਵੇਰੇ, ਪ੍ਰਤੀਸੋਧ, ਚੇਹਰਾ ਆਦਿ। ਸੀਰੀਅਲਾਂ ਆਦਿ ਵਿੱਚ ਕੰਮ ਕਰਕੇ ਆਪਣੀ ਪ੍ਰਸਿੱਧੀ ਨੂੰ ਕਾਇਮ ਰੱਖਿਆ।

ਮੁੰਬਈ ਵਿਖੇ ਫ਼ਿਲਮਾਂ ਤੇ ਸੀਰੀਅਲਾਂ ਵਿਚ ਲੰਮਾ ਸਮਾਂ ਕੰਮ ਕਰਨ ਤੋਂ ਬਾਅਦ ਫਿਰ ਪੰਜਾਬੀ ਫ਼ਿਲਮਾਂ ਵਿਚ ਕੰਮ ਕਰਨ ਦੀ ਦੁਬਾਰਾ ਇੱਛਾ ਜਾਗੀ ਤਾਂ ਉਸਨੇ ਪਿਛਲੇ ਸਾਲ ਪੰਜਾਬੀ ਦੋ ਫ਼ਿਲਮਾਂ "ਹਵੇਲੀ ਇਨ ਟਰੱਬਲ 'ਤੇ"ਐਸ ਐਚ ਓ ਸ਼ੇਰ ਸਿੰਘ" ਵਿਚ ਆਪਣੀ ਵਿਲੱਖਣ ਅਦਾਕਾਰੀ ਦਾ ਸਬੂਤ ਦਿੱਤਾ। ਡਾਇਰੈਕਟਰ ਦੇਵੀ ਸ਼ਰਮਾ ਤੇ ਪ੍ਰੋਡਿਊਸਰ ਗੁਰਦੀਪ ਪਨੇਚ ਦੀ ਪੰਜਾਬੀ ਫੀਚਰ ਫਿਲਮ "ਜੱਟੀ 15 ਮੁਰੱਬਿਆਂ ਵਾਲੀ" ਜੋ ਕਿ ਵੱਡੀ ਸਟਾਰ ਕਾਸਟ ਨਾਲ ਸ਼ਿੰਗਾਰੀ ਗਈ ਹੈ। ਇਸ ਫਿਲਮ ਵਿਚ ਆਰੀਆਂ ਬੱਬਰ, ਗੁਗਨੀ ਗਿੱਲ, ਲਖਵਿੰਦਰ ਸਿੰਘ, ਹਰਜੀਤ ਵਾਲੀਆਂ, ਸੁਸ਼ਮਾ ਪ੍ਰਸ਼ਾਂਤ ਆਦਿ ਹਨ ਇਸ ਫ਼ਿਲਮ ਉਸ ਦੁਆਰਾ ਕੀਤੇ ਦਾਦੀ ਦੇ ਰੋਲ ਨੂੰ ਦੇਖ ਕੇ ਐਦਾਂ ਲੱਗਦਾ ਹੈ ਜਿਵੇਂ ਰੋਲ ਹੀ ਸੁਸ਼ਮਾ ਪ੍ਰਸ਼ਾਂਤ ਲਈ ਹੀ ਬਣਿਆ ਹੋਵੇ।

ਉਹ ਇਸ ਸਮੇਂ ਦੰਗਲ ਟੀਵੀ ਦੇ ਸ਼ੋਅ "ਮਨ ਅਤਿ ਸੁੰਦਰ " "ਚ ਕੰਮ ਕਰ ਰਹੀ ਹੈ। ਉਸ ਦੁਆਰਾ ਨਿਭਾਏ ਦਾਦੀ ਦੇ ਬਾਕਮਾਲ

ਕਿਰਦਾਰ ਤੋਂ ਇਸ ਗੱਲ ਦਾ ਅੰਦਾਜ਼ਾ ਹੋ ਜਾਂਦਾ ਹੈ ਕਿ ਦੇਸ਼ ਵਿਦੇਸ਼ਾਂ ਵਿੱਚ ਵੱਸਦੇ ਉਸਦੇ ਦਰਸ਼ਕਾਂ ਉਸਦੇ ਹਰ ਐਪੀਸੋਡ ਨੂੰ ਬੜੀ ਤੀਬਰਤਾ ਨਾਲ ਉਡੀਕ ਕਰਦੇ ਹਨ। ਉਸਦੇ ਕਿਰਦਾਰ ਕਰਕੇ ਉਸਨੂੰ ਦਾਦੀ ਮਾਂ ਕਹਿਣ ਲੱਗ ਪਏ ਹਨ।

ਸੀਰੀਅਲ ਮਨ ਅਤਿ ਸੁੰਦਰ ਦਾ ਨਿਰਮਾਣ ਪੈਨੋਰਮਾ ਐਂਟਰਟੇਨਮੈਂਟ ਦੇ ਬੈਨਰ ਹੇਠ ਕੀਤਾ ਜਾ ਰਿਹਾ ਹੈ।ਦੰਗਲ ਟੀਵੀ ਦੇ 'ਮਨ ਅਤਿ ਸੁੰਦਰ' ਨੇ ਮਨਾਇਆ 300 ਐਪੀਸੋਡ!!!

ਟੈਲੀਵਿਜ਼ਨ ਸ਼ੋਅ "ਮੈਨ ਅਤਿਸੁੰਦਰ" ਨੇ ਆਪਣੇ 300 ਐਪੀਸੋਡਾਂ ਨੂੰ ਪੂਰਾ ਕਰਨ ਦਾ ਮਾਣ ਨਾਲ ਘੋਸ਼ਣਾ ਕੀਤੀ, ਜੋ ਇੱਕ ਨੌਜਵਾਨ ਔਰਤ ਦੀ ਸਵੈ-ਸਵੀਕ੍ਰਿਤੀ ਅਤੇ ਸਸ਼ਕਤੀਕਰਨ ਦੇ ਸਫ਼ਰ ਦੇ ਪ੍ਰੇਰਨਾਦਾਇਕ ਚਿੱਤਰਣ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹੈ।

ਸੁਜਾਨਾ ਘਈ ਪ੍ਰੋਡਿਊਸਰ, ਪੈਨੋਰਮਾ ਐਂਟਰਟੇਨਮੈਂਟ ਪ੍ਰਾਈਵੇਟ ਲਿਮਟਿਡ, ਨੇ ਕਿਹਾ, "300 ਐਪੀਸੋਡਾਂ ਤੱਕ ਪਹੁੰਚਣਾ ਸ਼ੋਅ ਦੇ ਦਰਸ਼ਕਾਂ ਨਾਲ ਡੂੰਘੇ ਸੰਪਰਕ ਅਤੇ ਇਸਦੀ ਪ੍ਰਭਾਵਸ਼ਾਲੀ ਕਹਾਣੀ ਸੁਣਾਉਣ ਦਾ ਪ੍ਰਮਾਣ ਹੈ।" "ਮੈਂ ਆਪਣੇ ਸਮਰਪਿਤ ਦਰਸ਼ਕਾਂ ਦਾ ਉਹਨਾਂ ਦੇ ਨਿਰੰਤਰ ਸਮਰਥਨ ਲਈ ਬਹੁਤ ਧੰਨਵਾਦੀ ਹਾਂ।"

ਡਾਇਰੈਕਟਰ ਸਚਿਨ ਦਿਉ ਤੇ ਵਿਕਾਸ ਆਨੰਦ, ਦੰਗਲ ਟੀਵੀ ਚੈਨਲ ਅਤੇ ਟੀਮ ਨੇ ਕਿਹਾ, "ਇਸ ਸ਼ੋਅ ਦੇ ਪਿੱਛੇ ਦਾ ਵਿਚਾਰ ਸਧਾਰਨ ਸੱਚਾਈ ਤੋਂ ਉਪਜਦਾ ਹੈ ਕਿ ਹਰ ਔਰਤ, ਭਾਵੇਂ ਉਹ ਪਤਨੀ ਹੋਵੇ, ਘਰੇਲੂ ਔਰਤ ਹੋਵੇ, ਵਿਦਿਆਰਥੀ ਹੋਵੇ, ਕੰਮਕਾਜੀ ਪੇਸ਼ੇਵਰ ਹੋਵੇ ਜਾਂ ਜ਼ਿੰਦਗੀ ਵਿੱਚ ਕੋਈ ਵੀ ਹੋਵੇ, ਕਿਸੇ ਸਮੇਂ ਵਾਪਰਦਾ ਹੈ। ਜਾਂ ਹੋਰ। ਉਸ ਦੀ ਦਿੱਖ ਬਾਰੇ ਅਨੁਭਵੀ ਨਿਰਣੇ ਜਾਂ ਸਿਰਫ਼ ਧਾਰਨਾਵਾਂ ਨੂੰ ਦਰਸਾਓ। ਸਾਡਾ ਟੀਚਾ ਹਰ ਔਰਤ ਨੂੰ ਹਰ ਹਾਲਤ ਵਿੱਚ ਆਪਣੇ ਆਪ ਵਿੱਚ ਵਿਸ਼ਵਾਸ ਕਰਨ ਲਈ ਉਤਸ਼ਾਹਿਤ ਕਰਨਾ ਅਤੇ ਸ਼ਕਤੀ ਪ੍ਰਦਾਨ ਕਰਨਾ ਹੈ। ਹਰ ਕਿਸੇ ਦੀ ਵਿਲੱਖਣ ਅਤੇ ਕੀਮਤੀ ਸ਼ਖਸੀਅਤ ਹੁੰਦੀ ਹੈ ਜਿਸ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਅਸੀਂ ਦਰਸ਼ਕਾਂ ਦੇ ਧੰਨਵਾਦੀ ਹਾਂ ਜੋ ਇਸ ਸ਼ੋਅ ਨੂੰ ਹਿੱਟ ਬਣਾ ਰਹੇ ਹਨ।" ਉਸ ਦੀਆ ਕੁਝ ਫ਼ਿਲਮਾਂ ਬਹੁਤ ਜਲਦੀ ਰੀਲੀਜ਼ ਹੋਣ ਵਾਲੀਆ ਹੈ ਜਿਵੇਂ

ਆਉਣ ਵਾਲੀਆਂ ਫ਼ਿਲਮਾਂ, 'ਹਸਰਤ', 'ਵਿਆਹ ਕਰਵਾ ਦੇ ਰੱਬਾ' ਆਦਿ।

ਵੈਬ ਸੀਰੀਜ਼ 'ਟਿੰਕੂ ਕੀ ਦੁਲਹਨੀਆ'

'3 ਗਿਰਗਿਟ', ਉਮੀਦ ਕਰਦੇ ਹਾਂ ਕਿ ਇਹ ਫਿਲਮ ਦਰਸ਼ਕਾਂ ਦੀ ਉਮੀਦ ਤੇ ਪੂਰਾ ਪੂਰਾ ਉਤਰੇਗੀ।

## ਲਹਿਰਾਂ (ਕਹਾਣੀ)

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਅੱਜ ਕੱਲ੍ਹ ਮੁੰਡੀਰ ਦਾ ਵੀ ਬਸ ਸਰਿਆ ਈ ਪਿਆ," ਹੱਥ ਚ ਵੱਡੀ ਸਾਰੀ ਇੱਟ ਜੀ, ਕੰਨਾਂ ਚ ਟੂਟੀਆਂ ਜੀਆਂ ਫ਼ਸਾਈ ਆ ਕਮਲਿਆਂ ਵਾਂਗ ਸਿਰ ਜਾ ਹਿਲਾ ਈ ਜਾਂਦੈ"। ਉਹ ਕੀ ਗੱਲ ਹੋ ਗਈ? ਭਗਤੂ ਗਿਆਨੀ ਜੀ, "ਕਾਹਦਾ ਗਿਆਨ ਵੰਡੀ ਜਾਨਾਂ ਦੁਪਹਿਰੇ ਦੁਪਹਿਰੇ ਸੱਥ ਵਿੱਚ ,ਗੇਜੇ ਨੇ ਭਗਤੂ ਨੂੰ ਟਿੱਚਰ ਨਾਲ ਛੇੜ ਦਿਆਂ ਕਿਹਾ"। ਮੈਨੂੰ ਪਤਾ! ਗੇਜਾ ਸਿਆਂ ,ਜਿਹੜੀ ਪਿਸਤੋਂ ਤੂੰ ਬੋਲਦਾਂ," ਪਤਾ ਉਦੋਂ ਲੱਗੂ ਜਦੋਂ ਆਪਣੇ ਤੇ ਆ ਪਈ"। ਗੱਲ ਤਾਂ ਭਗਤੂ ਦੀ ਸੋਲ੍ਹਾਂ ਆਨੇ ਸੱਚ ਹੈ ਤਾਇਆ, ਰੰਗ ਦੀ ਦੁੱਕੀ ਨਾਲ਼ ਯੱਕਾ ਕੁੱਟਦਿਆਂ ਵੱਢ ਖਾਣਿਆ ਦਾ ਭੌਂਕਾ ਬੋਲਿਆ।ਆਹ ਸਹੁਰੀ ਦੀ ਡੱਬੀ ਜੀ ਪਤਾ ਨਹੀਂ ਕੀ ਹੈ?ਹਰ ਕੋਈ ਧੌਣ ਜਿਹੀ ਝੁਕਾਈ ਬੈਠਾ। ਉਹ ਭਰਾਵੋ!ਨਿਰਾ ਝੂਠ,ਗੰਦ ਦੀ ਦੁਕਾਨ ਹੈ, ਮੁੰਡੇ ਕੁੜੀਆਂ, ਬੱਚੇ ਬੁੱਢੇ, ਸਾਰੇ ਹੀ ਵਿਗੜੇ ਪਏ ਨੇ ,ਗੱਲ ਮੁੱਕਦੀ ਸਭਿਆਚਾਰ ਦੀਆਂ ਵਾਖਾਂ ਉਧੇੜੀਆਂ ਪਈਆਂ ਨੇ। ਸੰਗ ਸ਼ਰਮ ਜਮਾਂ ਲਾਹ ਕੇ ਪਾਸੇ ਰੱਖਤੀ। ਜਿਹੜੀ ਧੀ ਭੈਣ ਕਦੇ ਸਿਰ ਤੋਂ ਚੁੰਨੀ ਨਹੀਂ ਲਾਹੁੰਦੀ ਸੀ ਅੱਜ ਉਹ ਹੋ ਬਸ ਚੁੱਪ ਹੀ ਭਲੀ ਕਹਿੰਦੇ ਵਿਰਸਾ ਮੱਲ ਚੁੱਪ ਜਿਹੀ ਧਾਰ ਗਿਆ। ਪੰਜਾਬ ਤਾਂ ਨਹੀਂ ਬਚਦਾ ਇਹ ਦਾ ਬੇੜਾ ਗ਼ਰਕ ਹੋਇਆ ਲਓ। ਜਿਸ ਸਾਬ ਨਾਲ਼ ਆਵਾ ਊਤਿਆ ਪਿਆ। ਕਿਧਰੇ ਨਸ਼ਿਆਂ ਦੇ ਦਰਿਆ, ਲੁੱਟ ਖੋਹ, ਗੈਂਗ ਵਾਰ, ਧੀਆਂ ਭੈਣਾਂ ਦੀ ਬੇਪੱਤੀ , ਧਰਮ ਗ੍ਰੰਥਾਂ ਦੀ ਬੇਅਦਵੀ।

ਪਰ ਪਿੰਡ ਦੀ,,,"ਸੱਥ ਦੇ ਬਾਬਾ ਬੋਹੜ "ਮੰਨੇ ਜਾਂਦੇ ਬਾਬਾ ਪੰਜਾਬਾਂ ਤੋਂ ਬੋਲੇ ਬਿਨਾਂ ਰਿਹਾ ਨਾ ਗਿਆ।ਕੋਈ ਗੱਲ ਨਹੀਂ ਸ਼ੇਰੋ! ਫ਼ਿਕਰ ਨਾ ਕਰੋ," ਇਹ ਸਭ ਸਮੇਂ ਦੀਆਂ ਖੇਡਾਂ ਨੇ, ਚੰਗਾ ਮਾੜਾ ਸਮਾਂ ਚੱਲਦਾ ਰਿਹਾ।" ਪਰ ਸਿਆਣੇ ਕਹਿੰਦੇ ਹਨ ਕਿ "ਸਮੁੰਦਰ ਬਹੁਤ ਵਾਰ ਚੜ੍ਹ ਕੇ ਆਉਂਦਾ ਫੇਰ ਹੌਲੀ ਹੌਲੀ ਆਪੇ ਸ਼ਾਂਤ ਹੋ ਜਾਂਦਾ"।"ਏਸੇ ਤਰ੍ਹਾਂ ਇਹ ਮਾਰੂ ਲਹਿਰਾਂ ਵੀ ਕੁਝ ਨਹੀਂ ਵਿਗਾੜ ਸਕਦੀਆਂ ਪੰਜਾਬ ਦਾ।ਜਦੋਂ ਦਾ ਪੰਜਾਬ ਵਸਿਆ ਬਹੁਤ ਲਹਿਰਾਂ ਉੱਠੀਆਂ ਤੇ ਸਮਾ ਗਈਆਂ, ਬਹੁਤ ਕੁਝ ਲੈ ਗਈਆਂ, ਬਹੁਤ ਕੁਝ ਦੇ ਗਈਆਂ ਕਹਿੰਦੇ- ਕਹਿੰਦੇ ਪੰਜਾਬਾ ਸਿਆਂ ਚੁੱਪ ਜਿਹੀ ਧਾਰ ਗਿਆ। ਜਿਵੇਂ ਕਿਸੇ ਮਾਰੂ ਲਹਿਰ ਦੀ ਚੀਸ ਸੀਨੇ ਉੱਠੀ ਹੋਵੇ।ਸੱਥ ਵਿੱਚ ਇੱਕ ਵਾਰ ਫੇਰ ਸੰਨਾਟਾ ਜਿਹਾ ਛਾ ਗਿਆ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ ਬਾਲਮ ਗੁਰਦਾਸਪੁਰ

ਜੀਉਂਦੇ ਜੀ ਜੋ ਠੱਗੀ ਕਰਦੇ ਬਣਦਾ ਕੁਝ ਵੀ ਨਈਂ।

ਟੁੱਟੇ ਭਾਂਡੇ ਪਾਣੀ ਭਰਦੇ ਬਣਦਾ ਕੁਝ ਵੀ ਨਈਂ।

ਉਹ ਡੁੱਬਣ ਤਾਂ ਖੁਦ ਦੀ ਹਸਤੀ ਵੀ ਡੁੱਬ ਜਾਂਦੀ ਹੈ,

ਦੂਜੇ ਦੇ ਮੋਢੇ ਤੇ ਤਰਦੇ ਬਣਦਾ ਕੁਝ ਵੀ ਨਈਂ।

ਜਿੰਨ੍ਹਾਂ ਰਾਹੀਆਂ ਦੀ ਤਾਂ ਕੋਈ ਮੰਜ਼ਿਲ ਹੀ ਨਈਂ ਏਂ,

ਧੁੱਪਾਂ ਜਰਦੇ ਛਾਵਾਂ ਜਰਦੇ ਬਣਦਾ ਕੁਝ ਵੀ ਨਈਂ।

ਬਰਫਾਂ ਦੇ ਵਿੱਚ ਹੋਂਦ ਉਹਨ੍ਹਾਂ ਦੀ ਮਰਫ਼ੀ ਹੁੰਦੀ ਹੈ,

ਰੁੰਡ-ਮਰੁੰਡੇ ਰੁੱਖ ਜੋ ਠਰਦੇ ਬਣਦਾ ਕੁਝ ਵੀ ਨਈਂ।

ਧਰਤੀ ਉੱਪਰ ਬੋਝ ਬਣੇ ਰੀਂਗਣ ਵਾਲੇ ਲੋਕੀਂ,

ਨਾ ਉਹ ਜੀਉਂਦੇ ਨਾ ਉਹ ਮਰਦੇ ਬਣਦਾ ਕੁਝ ਵੀ ਨਈਂ।

ਏਧਰ ਓਧਰ ਲਾ ਕੇ ਅੱਗਾਂ ਫੇਰ ਬੁਝਾਂਦੇ ਜੋ,

ਨਾ ਉਹ ਜਿੱਤਦੇ ਨਾ ਉਹ ਹਰਦੇ ਬਣਦਾ ਕੁਝ ਵੀ ਨਈਂ।

ਨਾਈਆਂ ਦੀ ਜੰਝ ਸੱਭੇ ਰਾਜੇ ਜਿੱਥੇ ਹੁੰਦੇ ਨੇ,

ਰੱਜੇ ਪੁੱਜੇ ਜੀ ਨੇ ਘਰ ਦੇ ਬਣਦਾ ਕੁਝ ਵੀ ਨਈਂ।

ਹੱਥ ਜੋੜ ਕੇ ਸਭ ਨੂੰ ਮਿਲਦੇ ਨੀਅਤ ਮਾੜੀ ਵਿੱਚ,

ਅੱਲਾ ਕੋਲੋਂ ਭਾਵੇਂ ਡਰਦੇ ਬਣਦਾ ਕੁਝ ਵੀ ਨਈਂ।

ਅੱਧ ਨੰਗੇ ਜਿਸਮਾਂ ਦੀ ਮੰਡੀ ਲਾਹਨਤ ਹੁੰਦੀ ਹੈ,

ਜਿੰਨੇ ਮਰਜ਼ੀ ਪਾਉਂਦੇ ਪਰਦੇ ਬਣਦਾ ਕੁਝ ਵੀ ਨਈਂ।

ਬਾਲਮ ਨੇਗ੍ਹੀ ਝੱਖੜਾਂ ਦੇ ਵਿਚ ਦੀਵੇ ਬੁਝ ਜਾਂਦੇ,

ਰਿਸ਼ਵਤ ਖੋਰੀ ਵਿੱਚ ਜੋ ਚਰਦੇ ਬਣਦਾ ਕੁਝ ਵੀ ਨਈਂ।

## ਇੱਕ ਨਵੀਂ ਸ਼ੁਰੂਆਤ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਗੱਲਾਂ ਪਿਛਲੀਆਂ ਭੁੱਲ-ਭੁਲਾ ਕੇ,

ਕਰੀਏ ਇੱਕ ਨਵੀਂ ਸ਼ੁਰੂਆਤ।

ਛੱਡ ਪਰ੍ਹਾਂ ਉਹ ਬੀਤਿਆ ਵੇਲਾ,

ਚੜ੍ਹਦੀ ਵੇਖੀਏ ਕਿੰਜ ਪਰਭਾਤ।

ਜਿੱਦਾਂ ਬੀਤੇ ਦੁੱਖ ਤੇ ਪੀੜਾ,

ਬੀਤ ਜਾਣੀ ਇਹ ਕਾਲੀ ਰਾਤ।

ਲਾਹ ਕੇ ਚਾਦਰ ਮੂੰਹ ਦੇ ਉੱਤੋਂ,

ਮਾਰ ਜ਼ਰਾ ਅੰਬਰ ਵੱਲ ਝਾਤ।

ਆ ਮਿਲੀਏ ਗਲਵੱਕੜੀ ਪਾ ਕੇ,

ਰਹਿ ਨਾ ਜਾਏ ਮਨ ਵਿੱਚ ਬਾਤ।

ਨ੍ਹੇਰੇ ਦੀ ਸਾਜ਼ਿਸ਼ ਨੂੰ ਆਪਾਂ,

ਮਿਲ ਕੇ ਦੇ ਦੇਣੀ ਹੈ ਮਾਤ।

ਭਰੇ ਹੋਏ ਭੰਡਾਰ ਨੇ ਓਹਦੇ,

ਹਰ-ਦਮ ਹਰ-ਪਲ ਵੰਡਦੈ ਦਾਤ।

ਇਹ ਜੀਵਨ ਜੋ ਦਿੱਤੈ ਓਹਨੇ,

ਇਹ ਵੀ ਤਾਂ ਓਹਦੀ ਸੌਗ਼ਾਤ।

ਮਿਲਣੇ ਦਾ ਇਹ ਨਸ਼ਾ ਕੈਸਾ ਹੈ,

ਅੱਖਾਂ 'ਚੋਂ ਵਗਦੀ ਬਰਸਾਤ।

ਲੱਗਦੈ ਏਸ ਮਿਲਾਪ-ਘੜੀ ਵਿੱਚ,

ਇੱਕਮਿਕ ਹੋ ਗਈ ਹੈ ਕਾਇਨਾਤ।

ਥਿਰ ਨਾਹੀਂ ਇਸ ਧਰਤ ਤੇ ਕੋਈ,

ਜੈਸੇ ਫੁੱਲਾਂ ਦੀ ਬਾਗ਼ਾਤ।

ਪਰਉਪਕਾਰ ਤੇ ਸਦਗੁਣ ਰਹਿਣੇ,

ਕਿਸੇ ਨਾ ਪੁੱਛਣੀ ਸਾਡੀ ਜ਼ਾਤ।